ਮਿੱਠੇ ਬੱਚੇ:- "ਮਿੱਠੇ ਬੱਚੇ :- ਇੱਕ ਈਸ਼ਵਰ ਦੀ ਮਤ ਹੀ ਸ੍ਰੇਸ਼ਠ ਮਤ ਹੈ, ਜਿਸ ਮਤ ਤੇ ਚੱਲਣ ਨਾਲ ਹੀ ਤੁਸੀਂ ਸੱਚਾ ਸੋਨਾ ਬਣੋਗੇ। ਬਾਕੀ ਸਭ ਗੱਲਾਂ ਅਸਤਿਆ ਬਨਾਉਣ ਵਾਲੀਆਂ ਹਨ।"

ਪ੍ਰਸ਼ਨ:- ਕਿਹੜਾ ਪਾਰਟ ਇੱਕ ਗਿਆਨ ਸਾਗਰ ਬਾਪ ਵਿੱਚ ਭਰਿਆ ਹੈ, ਜੋ ਕਿਸੇ ਮਨੁੱਖ ਆਤਮਾ ਵਿੱਚ ਨਹੀਂ?

ਉੱਤਰ:- ਬਾਬਾ ਕਹਿੰਦੇ - ਮੁਝ ਆਤਮਾ ਵਿੱਚ ਭਗਤਾਂ ਦੀ ਸੰਭਾਲ ਕਰਨ ਦਾ, ਸਭਨੂੰ ਸੁਖ ਦੇਣ ਦਾ ਪਾਰਟ ਹੈ। ਮੈਂ ਗਿਆਨ ਸਾਗਰ ਬਾਪ ਸਭ ਬੱਚਿਆਂ ਤੇ ਅਵਿਨਾਸ਼ੀ ਗਿਆਨ ਦੀ ਬਰਸਾਤ ਕਰਦਾ ਹਾਂ, ਜਿਨ੍ਹਾਂ ਗਿਆਨ ਰਤਨਾਂ ਦਾ ਕੋਈ ਮੁੱਲ ਨਹੀਂ ਕਰ ਸਕਦਾ। ਮੈਂ ਲਿਬਰੇਟ੍ਰ ਹਾਂ, ਰੂਹਾਨੀ ਪੰਡਾ ਬਣ ਤੁਸੀਂ ਆਤਮਾਵਾਂ ਨੂੰ ਵਾਪਿਸ ਸ਼ਾਂਤੀਧਾਮ ਲੈ ਜਾਂਦਾ ਹਾਂ। ਇਹ ਸਭ ਮੇਰਾ ਪਾਰਟ ਹੈ। ਮੈਂ ਕਿਸੇ ਨੂੰ ਦੁੱਖ ਨਹੀਂ ਦਿੰਦਾ, ਇਸਲਈ ਸਭ ਮੈਨੂੰ ਅੱਖਾਂ ਤੇ ਰੱਖਦੇ ਹਨ। ਰਾਵਣ ਦੁਸ਼ਮਣ ਦੁੱਖ ਦਿੰਦਾ ਹੈ। ਇਸਲਈ ਉਸਦੀ ਐਫ. ਜੀ ਸਾੜਦੇ ਹਨ।

ਗੀਤ:- ਜੋ ਪਿਆ ਕੇ ਸਾਥ ਹੈ...

ਓਮ ਸ਼ਾਂਤੀ। ਬਾਪ ਨੇ ਓਮ ਦਾ ਅਰਥ ਤੇ ਬੱਚਿਆਂ ਨੂੰ ਸਮਝਾ ਦਿੱਤਾ ਹੈ। ਓਮ ਮਤਲਬ ਅਹਿਮ ਆਤਮਾ। ਬਸ, ਅਰਥ ਹੀ ਇੰਨਾਂ ਛੋਟਾ ਹੈ। ਇਵੇਂ ਨਹੀਂ ਕਿ ਆਈ ਐਮ ਗੌਡ। ਪੰਡਿਤਾਂ ਆਦਿ ਨੂੰ ਪੁੱਛਣਗੇ ਓਮ ਦਾ ਅਰਥ ਕੀ ਹੈ? ਤਾਂ ਉਹ ਬਹੁਤ ਲੰਬਾ ਚੌੜਾ ਸੁਨਾਉਣਗੇ ਅਤੇ ਸਹੀ ਵੀ ਨਹੀਂ ਸੁਣਾਉਣਗੇ। ਯਥਾਰਥ( ਸਹੀ) ਅਤੇ ਅਯਥਾਰਥ (ਗਲਤ), ਸਤ ਅਤੇ ਅਸਤ। ਸਤ ਤਾਂ ਹੈ ਹੀ ਇੱਕ ਬਾਪ। ਬਾਕੀ ਇਸ ਵੇਲੇ ਤਾਂ ਹੈ ਹੀ ਅਸਤ ਦਾ ਰਾਜ। ਰਾਮਰਾਜ ਨੂੰ ਹੀ ਸਤ ਦਾ ਰਾਜ ਕਹਾਂਗੇ। ਰਾਵਨਰਾਜ ਨੂੰ ਅਸਤ ਦਾ ਰਾਜ ਕਹਾਂਗੇ। ਉਹ ਅਯਥਾਰਥ(ਗਲਤ) ਹੀ ਸੁਣਾਉਂਦੇ ਹਨ। ਬਾਪ ਹੈ ਸਤ, ਉਹ ਸਭ ਸਤ ਸੁਣਾਕੇ ਸੱਚਾ ਸੋਨਾ ਬਣਾ ਦਿੰਦੇ ਹਨ। ਫਿਰ ਮਾਇਆ ਅਸਤ ਬਣਾਉਂਦੀ ਹੈ। ਮਾਇਆ ਦੀ ਪ੍ਰਵੇਸ਼ਤਾ ਦੇ ਕਾਰਣ ਮਨੁੱਖ ਜੋ ਕੁਝ ਕਹਿਣਗੇ ਉਹ ਅਸਤ ਹੀ ਕਹਿਣਗੇ, ਜਿਸ ਨੂੰ ਆਸੁਰੀ ਮਤ ਕਿਹਾ ਜਾਂਦਾ ਹੈ। ਬਾਪ ਦੀ ਹੈ ਇਸ਼ਵਰੀਏ ਮਤ। ਆਸੁਰੀ ਮਤ ਵਾਲੇ ਝੂਠ ਹੀ ਦੱਸਣਗੇ। ਆਸੁਰੀ ਮਤਾਂ ਦੁਨੀਆ ਵਿਚ ਅਨੇਕਾਨੇਕ ਹਨ। ਗੁਰੂ ਵੀ ਅਨੇਕ ਹਨ। ਉਨ੍ਹਾਂ ਦੀ ਸ਼੍ਰੀਮਤ ਨਹੀਂ ਕਹਾਂਗੇ। ਇਕ ਈਸ਼ਵਰ ਦੀ ਮਤ ਨੂੰ ਹੀ ਸ਼੍ਰੀਮਤ ਕਹਾਂਗੇ। ਹੁਣ ਤੁਸੀਂ ਬੱਚੇ ਸਮਝਦੇ ਹੋ ਅਸੀਂ ਸ਼੍ਰੀਮਤ ਤੇ ਚੱਲ ਸ੍ਰੇਸ਼ਠ ਬਣਦੇ ਹਾਂ। ਸਭ ਤੋਂ ਸ੍ਰੇਸ਼ਠ ਤਾਂ ਹਨ ਹੀ ਪਰਮਪਿਤਾ ਪਰਮਾਤਮਾ। ਜੋ ਰਹਿੰਦੇ ਵੀ ਉੱਚ ਤੋਂ ਉੱਚ ਹਨ। ਸਭ ਭਗਤ ਉਨ੍ਹਾਂਨੂੰ ਯਾਦ ਕਰਦੇ ਹਨ। ਭਗਤ ਸ਼੍ਰੀਮਤ ਨੂੰ ਯਾਦ ਕਰਦੇ ਹਨ, ਤਾਂ ਜਰੂਰ ਕੋਈ ਆਸੁਰੀ ਮਤ ਤੇ ਹਨ। ਹੁਣ ਤੁਸੀਂ ਸ਼੍ਰੀਮਤ ਤੇ ਸ੍ਰੇਸ਼ਠ ਬਣਦੇ ਹੋ। ਫਿਰ ਉੱਥੇ ਭਗਵਾਨ ਕਹਿਕੇ ਯਾਦ ਕਰਨ ਦੀ ਲੋੜ ਹੀ ਨਹੀਂ। ਦੇਵੀ - ਦੇਵਤਾਵਾਂ ਨੂੰ ਕੋਈ ਦੁੱਖ ਨਹੀਂ ਜੋ ਯਾਦ ਕਰਨਾ ਪਵੇ। ਭਗਤਾਂ ਨੂੰ ਤੇ ਅਪਾਰ ਦੁੱਖ ਹਨ। ਹੁਣ ਤਾਂ ਬਹੁਤ ਦੁੱਖਾਂ ਦੇ ਪਹਾੜ ਡਿਗਣੇ ਹਨ। ਮਹਾਭਾਰਤ ਲੜਾਈ, ਇਹ ਦੁੱਖਾਂ ਦਾ ਪਹਾੜ ਹੈ - ਮਨੁੱਖਾਂ ਦੇ ਲਈ। ਤੁਸੀਂ ਬੱਚਿਆਂ ਦੇ ਲਈ ਸੁਖ ਦਾ ਪਹਾੜ ਹੈ। ਦੁੱਖ ਦੇ ਬਾਦ ਸੁਖ ਜਰੂਰ ਆਉਣਾ ਹੈ। ਇਸ ਵਿਨਾਸ਼ ਦੇ ਬਾਦ ਫਿਰ ਤੁਹਾਡਾ ਹੀ ਰਾਜ ਹੋਣਾ ਹੈ। ਅਨੇਕ ਧਰਮਾਂ ਦਾ ਵਿਨਾਸ਼ ਹੋਣਾ ਹੈ ਅਤੇ ਜੋ ਧਰਮ ਹੁਣ ਪ੍ਰਾਯ: ਲੋਪ ਹੈ, ਉਹਨਾਂ ਦੀ ਸਥਾਪਨਾ ਹੁੰਦੀ ਹੈ। ਗੋਇਆ ਇਸ ਮਹਾਭਾਰੀ ਲੜਾਈ ਦਵਾਰਾ ਸਵਰਗ ਦੇ ਗੇਟਸ ਖੁਲ੍ਹਦੇ ਹਨ। ਇਸ ਗੇਟ ਤੋਂ ਕੌਣ ਜਾਣਗੇ? ਜੋ ਰਾਜਯੋਗ ਸਿੱਖ ਰਹੇ ਹਨ। ਸਿਖਾਉਣ ਵਾਲਾ ਬਾਪ ਹੈ। ਜੋ ਪਿਆ ਦੇ ਨਾਲ ਹੈ ਉਹਨਾਂ ਦੇ ਲਈ ਇਹ ਗਿਆਨ ਦੀ ਬਰਸਾਤ ਹੈ। ਪਿਆ ਬਾਪ ਨੂੰ ਕਿਹਾ ਜਾਂਦਾ ਹੈ। ਉਹ ਵਰਖਾ ਤਾਂ ਪਾਣੀ ਦੇ ਸਾਗਰ ਤੋਂ ਨਿਕਲਦੀ ਹੈ। ਇਹ ਅਵਿਨਾਸ਼ੀ ਗਿਆਨ ਰਤਨਾਂ ਦੀ ਬਰਸਾਤ ਹੈ। ਜੋ ਪਿਆ ਗਿਆਨ ਸਾਗਰ ਦੇ ਨਾਲ ਹੈ, ਉਨ੍ਹਾਂ ਦੇ ਲਈ ਅਵਿਨਾਸ਼ੀ ਗਿਆਨ ਰਤਨਾਂ ਦੀ ਬਰਸਾਤ ਹੈ। ਇਹਨਾਂ ਅਵਿਨਾਸ਼ੀ ਗਿਆਨ ਰਤਨਾਂ ਦੀ ਤੁਹਾਡੀ ਬੁੱਧੀ ਰੂਪੀ ਝੋਲੀ ਵਿੱਚ ਧਾਰਨਾ ਹੁੰਦੀ ਹੈ। ਐਜੁਕੇਸ਼ਨ ਬੁੱਧੀ ਵਿੱਚ ਧਾਰਨ ਕੀਤੀ ਜਾਂਦੀ ਹੈ ਨਾ। ਆਤਮਾ ਹੈ ਮਨ -ਬੁੱਧੀ ਸਹਿਤ ਜੋ ਜਿਵੇਂਕਿ ਆਤਮਾ ਗ੍ਰਹਿਣ (ਧਾਰਨ) ਕਰਦੀ ਹੈ। ਜਿਵੇਂ ਆਤਮਾ ਨੂੰ ਇਹ ਸ਼ਰੀਰ ਹੈ, ਉਵੇਂ ਆਤਮਾ ਨੂੰ ਮਨ- ਬੁੱਧੀ ਹੈ। ਬੁੱਧੀ ਨਾਲ ਗ੍ਰਹਿਣ ਕਰਦੇ ਹਨ। ਗ੍ਰਹਿਣ ਉਦੋਂ ਹੁੰਦਾ ਹੈ, (ਧਾਰਨਾ ਉਦੋਂ ਹੁੰਦੀ ਹੈ) ਜਦੋਂਕਿ ਯੋਗ ਹੈ। ਇਹ ਬਾਪ ਬੈਠ ਬਹੁਤ ਸਹਿਜ ਗੱਲਾਂ ਸਮਝਾਉਂਦੇ ਹਨ। ਮਨੁੱਖਾਂ ਨੇ ਤਾਂ ਬਹੁਤ ਡੀਫੀਕਲਟ ਗੱਲਾਂ ਸੁਣਾ ਦਿੱਤੀਆਂ ਹਨ। ਸ਼ਾਸਤਰਾਂ ਵਿੱਚ ਵੀ ਬਹੁਤ ਮੱਤਾਂ ਹਨ। ਗੀਤਾ ਦਾ ਵੀ ਬਹੁਤ ਪ੍ਰਚਾਰ ਹੈ। ਅਧਿਆਏ ਦਾ ਅਰਥ ਬਹੁਤ ਕਰਦੇ ਹਨ। ਕਿੰਨੀਆਂ ਅਨੇਕਾਂਨੇਕ ਗੀਤਾਵਾਂ ਬਣਾ ਦਿੱਤੀਆਂ ਹਨ ਹੋਰ ਕੋਈ ਸ਼ਾਸ਼ਤਰ ਨਹੀਂ, ਜਿਸ ਦੇ ਲਈ ਕਹਿਣ ਫਲਾਣੇ ਦਾ ਵੇਦ, ਫਲਾਣੇ ਦਾ ਸ਼ਾਸਤਰ। ਗੀਤਾ ਦੇ ਲਈ ਕਹਿੰਦੇ ਹਨ - ਗਾਂਧੀ ਗੀਤਾ, ਟੈਗੋਰ ਗੀਤਾ, ਗਿਆਨਏਸ਼ਵਰ ਗੀਤਾ, ਅਸ਼ਟਾਵੱਕਰ ਗੀਤਾ… ਬਹੁਤ ਨਾਮ ਗੀਤਾ ਦੇ ਰੱਖ ਦਿੱਤੇ ਹਨ ਅਤੇ ਵੇਦ ਸ਼ਾਸਤਰ ਦੇ ਕਦੀ ਇੰਨੇ ਨਾਮ ਨਹੀਂ ਸੁਣਾਉਣਗੇ। ਪਰ ਮਨੁੱਖ ਸਮਝਦੇ ਕੁਝ ਵੀ ਨਹੀਂ ਹਨ। ਇਹ ਗਿਆਨ ਹੀ ਪ੍ਰਾਯ ਲੋਪ ਹੋ ਜਾਂਦਾ ਹੈ। ਹੁਣ ਡੀ.ਟੀ ਸਾਵਰੰਟੀ ਕਿਥੋਂ ਤੋਂ ਮਿਲੇਗੀ? ਜਰੂਰ ਜੋ ਸਤਿਯੁਗ ਦੀ ਸਥਾਪਨਾ ਕਰਨ ਵਾਲਾ ਹੋਵੇਗਾ ਉਹ ਹੀ ਦਵੇਗਾ। ਹੁਣ ਬਾਪ ਆਇਆ ਹੋਇਆ ਹੈ, ਤੁਸੀਂ ਬੱਚਿਆਂ ਨੂੰ ਸਵਰਗ ਦੀ ਰਾਜਾਈ ਦੇਣ। ਸੋ ਵੀ 21 ਜਨਮਾਂ ਦੇ ਲਈ। ਗਾਇਆ ਜਾਂਦਾ ਹੈ ਕੁਮਾਰੀ ਉਹ ਹੈ ਜੋ 21 ਕੁਲ ਦਾ ਉਦਾਰ ਕਰੇ। ਹੁਣ ਉਹ ਕੁਮਾਰੀ ਕਿਹੜੀ? ਤੁਸੀਂ ਸਭ ਕੁਮਾਰ ਕੁਮਾਰੀਆਂ ਹੋ। ਤੁਸੀਂ ਕਿਸੇ ਨੂੰ ਵੀ 21 ਜਨਮਾਂ ਦੇ ਲਈ ਰਾਜ ਭਾਗ ਪ੍ਰਾਪਤ ਕਰਾ ਸਕਦੇ ਹੋ। ਸ਼੍ਰੀਮਤ ਤੇ ਮਤਲਬ ਬਾਪ ਦੀ ਮਤ ਨਾਲ। ਪਾਠਸ਼ਾਲਾ ਵਿੱਚ ਜੋ ਪੜ੍ਹਦੇ ਹਨ ਉਹ ਜਾਣਦੇ ਹਨ ਕਿ ਅਸੀਂ ਸਟੂਡੈਂਟ ਹਾਂ। ਹੋਰ ਸਤਿਸੰਗਾ ਵਿੱਚ ਆਪਣੇ ਨੂੰ ਸਟੂਡੈਂਟ ਨਹੀਂ ਸਮਝਣਗੇ। ਸਟੂਡੈਂਟ ਨੂੰ ਏਮ ਆਬਜੈਕਟ ਬੁੱਧੀ ਵਿੱਚ ਰਹਿੰਦੀ ਹੈ। ਤੁਸੀਂ ਹੋ ਈਸ਼ਵਰੀ ਸਟੂਡੈਂਟਸ।

ਭਗਵਾਨੁਵਾਚ - ਮੈਂ ਤੁਹਾਨੂੰ ਰਾਜਯੋਗ ਸਿਖਾਉਂਦਾ ਹਾਂ, ਮਨੁੱਖ ਤੋਂ ਦੇਵਤਾ ਬਣਾਉਂਦਾ ਹਾਂ। ਦੇਵਤਾਵਾਂ ਦੀ ਰਾਜਧਾਨੀ ਸੀ। ਜਿਵੇਂ ਰਾਜਾ ਰਾਣੀ ਦੇਵੀ - ਦੇਵਤਾ ਤਿਵੇਂ ਪ੍ਰਜਾ ... ਨਰ ਤੋਂ ਨਾਰਾਇਣ ਬਣਦੇ ਹਨ। ਇਹ ਏਮ ਆਬਜੈਕਟ ਹੈ ਫਸਟ। ਇਵੇਂ ਨਹੀਂ ਰਾਜਾ ਰਾਮ ਜਾਂ ਰਾਣੀ ਸੀਤਾ ਬਣਾਉਣਗੇ। ਇਹ ਹੈ ਹੀ ਰਾਜਯੋਗ। ਰਾਜਾਵਾਂ ਦਾ ਰਾਜਾ ਬਨਾਉਣਗੇ। ਕਲਪ - ਕਲਪ ਮੈਂ ਫਿਰ ਤੋਂ ਆਉਦਾ ਹਾਂ। ਗਵਾਇਆ ਹੋਇਆ ਰਾਜ ਦੇਣ। ਤੁਹਾਡਾ ਰਾਜ ਕੋਈ ਮਨੁੱਖਾਂ ਨੇ ਨਹੀਂ ਖੋਇਆ ਹੈ। ਖੋਇਆ ਹੈ ਮਾਇਆ ਨੇ। ਹੁਣ ਜਿੱਤ ਵੀ ਮਾਇਆ ਤੇ ਪਾਉਣੀ ਹੈ। ਉਹ ਲੜਾਈ ਹੁੰਦੀ ਹੈ ਰਾਜਿਆਂ ਦੀ। ਇੱਕ ਦੋ ਦੇ ਉਪਰ ਜਿੱਤ ਪਾਉਣ ਦੇ ਲਈ ਲੜਦੇ ਹਨ। ਹੁਣ ਤੇ ਪ੍ਰਜਾ ਦਾ ਪ੍ਰਜਾ ਤੇ ਰਾਜ ਹੋ ਗਿਆ ਹੈ। ਹੱਦ ਦੇ ਰਾਜਿਆਂ ਦੀਆਂ ਅਨੇਕਾਂਨੇਕ ਲੜਾਈਆਂ ਲੱਗੀਆਂ ਹਨ। ਉਹਨਾਂ ਕੋਲੋਂ ਹੱਦ ਦੀ ਰਾਜਾਈ ਮਿਲਦੀ ਹੈ ਅਤੇ ਇਸ ਯੋਗਬਲ ਨਾਲ ਤੁਸੀਂ ਵਿਸ਼ਵ ਦੀ ਰਾਜਧਾਨੀ ਸਥਾਪਨ ਕਰਦੇ ਹੋ, ਇਸਨੂੰ ਹੀ ਅਹਿੰਸਕ ਲੜਾਈ ਕਿਹਾ ਜਾਂਦਾ ਹੈ। ਲੜਾਈ ਮਤਲਬ ਮਰਨ ਮਾਰਨ ਦੀ ਗੱਲ ਨਹੀਂ ਹੈ। ਇਹ ਹੈ ਯੋਗਬਲ। ਕਿੰਨਾ ਸਹਿਜ ਹੈ। ਬਾਬਾ ਦੇ ਨਾਲ ਯੋਗ ਲਗਾਉਣ ਨਾਲ ਅਸੀਂ ਵਿਕਰਮਾਜੀਤ ਬਣਦੇ ਹਾਂ। ਫਿਰ ਕੋਈ ਮਾਇਆ ਦਾ ਵਾਰ ਨਹੀਂ ਹੋਵੇਗਾ। ਹਾਤਮਤਾਈ ਦਾ ਖੇਲ੍ਹ ਦਿਖਾਉਂਦੇ ਹਨ। ਉਹ ਮੁਲਹਰਾ ਮੂੰਹ ਵਿੱਚ ਪਾਉਦੇ ਸਨ ਤਾਂ ਮਾਇਆ ਗੁੰਮ ਹੋ ਜਾਂਦੀ ਸੀ। ਮੁਲਹਰਾ ਨਿਕਾਲਦੇ ਸੀ ਤਾਂ ਮਾਇਆ ਆ ਜਾਂਦੀ ਸੀ। ਅਲਾਹ ਅਵਲਦੀਨ ਦਾ ਵੀ ਨਾਟਕ ਹੈ। ਠੁਕਾ ਕਰਨ ਨਾਲ ਬਹਿਸ਼ਤ ਨਿਕਲ ਆਉਂਦਾ ਸੀ। ਉਹ ਹੈ ਬਹਿਸ਼ਤ ਮਤਲਬ ਸਵਰਗ। ਤਾਂ ਬਾਪ ਬੈਠ ਬਹਿਸ਼ਤ ਦੀ ਸਥਾਪਨਾ ਕਰਦੇ ਹਨ ਬ੍ਰਹਮਾ ਦਵਾਰਾ। ਪਰਮਪਿਤਾ ਪਰਮਾਤਮਾ ਕਿਸੇ ਨਰਕ ਦੀ ਸਥਾਪਨਾ ਥੋੜੀ ਹੀ ਕਰਨਗੇ। ਇਵੇਂ ਹੁੰਦਾ ਤਾਂ ਉਹਨਾਂ ਦੀ ਐਫ ਜ਼ੀ ਬਣਾਉਂਦੇ। ਐਫ ਜ਼ੀ ਤਾਂ ਰਾਵਣ ਦੀ ਕੱਢੀ ਜਾਂਦੀ ਹੈ, ਕਿਉਂਕਿ ਰਾਵਣ ਹੀ ਸਭਦਾ ਦੁਸ਼ਮਣ ਹੈ। ਬਾਪ ਜੋ ਸਵਰਗ ਦੀ ਸਥਾਪਨਾ ਕਰਦੇ ਹਨ ਉਹਨਾਂ ਨੂੰ ਤਾਂ ਅੱਖਾਂ ਤੇ ਰੱਖਿਆ ਜਾਂਦਾ ਹੈ। ਬਾਪ ਕਹਿੰਦੇ ਹਨ ਮੈਨੂੰ ਭਗਤ ਯਾਦ ਕਰਦੇ ਹਨ ਕਿ ਆਕੇ ਦੁੱਖ ਤੋਂ ਛੁਡਾਓ ਇਸਲਈ ਆਕੇ ਲਿਬ੍ਰੇਟ ਕਰਦਾ ਹਾਂ। ਬਾਪ ਲਿਬ੍ਰੇਟਰ ਵੀ ਹਨ, ਰੂਹਾਨੀ ਪੰਡਾ ਵੀ ਹਨ। ਤੁਹਾਨੂੰ ਲੈ ਜਾਂਦੇ ਹਨ ਆਪਣੇ ਸ਼ਾਂਤੀਧਾਮ। ਜੋ ਪਿਆ ਦੇ ਨਾਲ ਹੈ, ਉਹਨਾਂ ਦੇ ਲਈ ਅਵਿਨਾਸ਼ੀ ਗਿਆਨ ਰਤਨਾਂ ਦੀ ਬਰਸਾਤ ਹੈ, ਜਿੰਨਾ ਗਿਆਨ ਰਤਨਾਂ ਦਾ ਮੁੱਲ ਨਹੀਂ ਕੀਤਾ ਜਾਂਦਾ। ਬਾਬਾ ਹੈ ਗਿਆਨ ਸਾਗਰ ਤਾਂ ਜਰੂਰ ਆਤਮਾ ਵਿੱਚ ਪਾਰ੍ਹ ਭਰਿਆ ਹੋਇਆ ਹੈ। ਪਰਮਪਿਤਾ ਪਰਮਾਤਮਾ ਖੁਦ ਵੀ ਕਹਿੰਦੇ ਹਨ ਮੇਰੀ ਜੋ ਆਤਮਾ ਹੈ, ਜਿਸਨੂੰ ਤੁਸੀਂ ਪਰਮਾਤਮਾ ਕਹਿੰਦੇ ਹੋ, ਮੇਰੇ ਵਿੱਚ ਵੀ ਪਾਰ੍ਹ ਭਰਿਆ ਹੋਇਆ ਹੈ। ਭਗਤਾਂ ਦੀ ਸੰਭਾਲ ਕਰਨਾ, ਸਭਨੂੰ ਸੁਖ ਦੇਣਾ। ਦੁੱਖ ਤੇ ਮਾਇਆ ਦਿੰਦੀ ਹੈ। ਭਗਤਾਂ ਨੂੰ ਅਲਪਕਾਲ ਦੇ ਲਈ ਸੁਖ ਦੇਣ ਦਾ ਵੀ ਮੇਰਾ ਪਾਰ੍ਹ ਹੈ। ਮੈਂ ਹੀ ਸਾਕਸ਼ਾਤਕਾਰ ਕਰਾਉਂਦਾ ਹਾਂ ਅਤੇ ਦਿਵਯ ਬੁੱਧੀ ਦਿੰਦਾ ਹਾਂ। ਜਿਸਨੂੰ ਗਿਆਨ ਦਾ ਤੀਸਰਾ ਨੇਤਰ ਕਿਹਾ ਜਾਂਦਾ ਹੈ। ਜਿਸ ਨਾਲ ਤੁਹਾਡੀ ਬੁੱਧੀ ਦਾ ਗਾਡਰੇਜ ਦਾ ਤਾਲਾ ਖੁਲ੍ਹਦਾ ਹੈ। ਮੇਰਾ ਵੀ ਪਾਰ੍ਹ ਹੈ ਤਾਂ ਜੋ ਬਾਪ ਦੇ ਨਾਲ ਹਨ ਉਹਨਾਂ ਦੇ ਲਈ ਗਿਆਨ ਦੀ ਬਰਸਾਤ ਹੈ। ਹੁਣ ਇੰਨੇ ਸਭ ਬੱਚੇ ਕਿਵੇਂ ਨਾਲ ਰਹਿ ਸਕਦੇ! ਤੁਸੀਂ ਬਾਪ ਨੂੰ ਯਾਦ ਕਰਦੇ ਰਹੋਗੇ ਤਾਂ ਗੋਇਆ ਬਾਪ ਦੇ ਨਾਲ ਹੀ ਹੋ। ਕੋਈ ਲੰਡਨ, ਕੋਈ ਕਿੱਥੇ ਹਨ, ਫਿਰ ਨਾਲ ਕਿੱਥੇ ਹਨ? ਉਨ੍ਹਾਂ ਨੂੰ ਵੀ ਮੁਰਲੀ ਜਾਂਦੀ ਹੈ। ਜੋ ਸਿਆਣੇ ਸਮਝਦਾਰ ਹੁੰਦੇ ਹਨ ਉਹ ਇੱਕ ਗੱਲ ਵੀ ਚੰਗੀ ਤਰ੍ਹਾ ਸਮਝਣ ਤਾਂ ਉਨ੍ਹਾਂਨੂੰ ਸਵਦਰਸ਼ਨ ਚੱਕਰਧਾਰੀ ਬਣਾ ਦਿੰਦਾ ਹਹਾਂ। 84 ਜਨਮਾਂ ਦੇ ਸਵਦਰਸ਼ਨ ਚੱਕਰ ਦਾ ਰਾਜ਼ ਹੁਣ ਤੁਸੀਂ ਬੱਚਿਆਂ ਨੇ ਸਮਝਿਆ ਹੈ। ਜਿਸ ਸਵਦਰਸ਼ਨ ਚੱਕਰ ਫਿਰਾਉਣ ਨਾਲ ਮਾਇਆ ਰਾਵਣ ਦਾ ਸਿਰ ਕੱਟ ਦਿੰਦੇ ਹੋ ਮਤਲਬ ਉਹਨਾਂ ਤੇ ਜਿੱਤ ਪਾਉਂਦੇ ਹੋ। ਬਾਕੀ ਸਿਰ ਕੱਟਣ ਦੀ ਕੋਈ ਗੱਲ ਨਹੀਂ ਹੈ। ਉਹਨਾਂ ਨੇ ਫਿਰ ਹਿੰਸਕ ਅਸਤਰ ਸ਼ਸਤਰ ਦੇ ਦਿੱਤੇ ਹਨ। ਅਸਲ ਵਿੱਚ ਸੰਖ ਇਹ ਮੁਖ ਹੈ। ਚੱਕਰ ਫਿਰਾਓਣਾ ਇਹ ਬੁੱਧੀ ਦਾ ਕੰਮ ਹੈ। ਤਾਂ ਇਹ ਅਲੰਕਾਰ ਭਗਤੀਮਾਰਗ ਵਿੱਚ ਬਹੁਤ ਦੇ ਦਿੱਤੇ ਹਨ। ਸ਼ਾਸਤਰ ਆਦਿ ਜੋ ਭਗਤੀ ਮਾਰਗ ਵਿੱਚ ਚਲ ਰਹੇ ਹਨ ਡਰਾਮੇ ਅਨੁਸਾਰ ਫਿਰ ਉਹ ਹੀ ਨਿਕਲਣਗੇ। ਹੋ ਸਕਦਾ ਹੈ ਇਹ ਸੱਚੀ ਗੀਤਾ ਵਿੱਚ ਕਿਸੇ ਨਾ ਕਿਸੇ ਹੱਥ ਵਿੱਚ ਆ ਜਾਏ ਤਾਂ ਕੁਝ ਇਸਦੇ ਵਿੱਚ ਵੀ ਪਾ ਦੇਣਗੇ। ਬਾਕੀ ਸਭ ਉਹ ਹੀ ਨਿਕਣਗੇ। ਕੋਈ - ਕੋਈ ਅੱਖਰ ਉਸ ਵਿੱਚ ਇਥੋਂ ਦੇ ਆਏ ਹਨ। ਭਗਵਾਨੁਵਾਚ ਠੀਕ ਹੈ। ਰਾਜਯੋਗ ਵੀ ਠੀਕ ਹੈ। ਬਾਪ ਕਹਿੰਦੇ ਹਨ ਹੁਣ ਵਾਪਿਸ ਜਾਣਾ ਹੈ। ਇਸ ਸ਼ਰੀਰ ਸਹਿਤ ਸਭ ਕੁਝ ਭੁਲਣਾ ਹੈ, ਇਸਦੇ ਬਦਲੇ ਤੁਹਾਨੂੰ ਪਿਓਰ ਸ਼ਰੀਰ ਮਿਲੇਗਾ। ਆਤਮਾ ਵੀ ਪਿਓਰ ਹੋ ਜਾਏਗੀ। ਧਨ ਵੀ ਤੁਹਾਡੇ ਕੋਲ ਅਥਾਹ ਹੋਵੇਗਾ। ਤੁਹਾਨੂੰ ਬਹੁਤ ਲੋਭ ਹੈ। ਪਰ ਇਹਨਾਂ ਨੂੰ ਸ਼ੁੱਧ ਕਿਹਾ ਜਾਂਦਾ ਹੈ, ਇਸਨਾਲ ਭਾਰਤ ਸਾਰਾ ਸ਼ੁੱਧ ਬਣਦਾ ਹੈ। ਭਾਰਤਵਾਸੀ ਚਾਹੁੰਦੇ ਹਨ ਰਾਮਰਾਜ, ਵਨ ਗੌਰਮਿੰਟ, ਵਨ ਨੇਸ਼ਨ ਹੋ, ਇੱਕ ਮਤ, ਅਦਵੈਤ ਮਤ ਹੋ। ਅਦਵੈਤ ਦਾ ਅਰਥ ਹੀ ਹੈ ਦੇਵਤਾ। ਇਹ ਹੈ ਆਸੁਰੀ ਮਤ। ਸ਼੍ਰੀਮਤ ਬਿਗਰ ਸਭ ਅਸੁਰੀ ਮੱਤਾਂ ਹਨ। ਜਿਸ ਕਾਰਨ ਇੱਕ ਦੋ ਨਾਲ ਲੜ੍ਹਦੇ ਝਗੜਦੇ ਰਹਿੰਦੇ ਹਨ। ਈਸ਼ਵਰ ਦੇ ਬੱਚੇ ਨਾ ਹੋਣ ਕਾਰਨ ਨਿਧਨ ਦੇ ਬਣ ਗਏ ਹਨ। ਸਤਿਯੁਗ ਵਿੱਚ ਦੇਵਤਾ ਹਨ ਧਨੀ ਦੇ। ਉੱਥੇ ਜਾਨਵਰ ਵੀ ਕਦੀ ਲੜ੍ਹਦੇ ਨਹੀਂ। ਇੱਥੇ ਤਾਂ ਸਭ ਲੜਦੇ ਝਗੜਦੇ ਹਨ। ਸਤਿਯੁਗ ਵਿੱਚ ਹੈ ਸਭਨੂੰ ਬੇਹੱਦ ਦਾ ਸੁਖ।

ਹੁਣ ਤੁਸੀਂ ਬੱਚੇ ਜਾਣਦੇ ਹੋ ਅਸੀਂ ਬਾਪ ਕੋਲੋਂ ਜਨਮ ਸਿੱਧ ਅਧਿਕਾਰ ਲੈ ਰਹੇ ਹਾਂ। ਈਸ਼ਵਰ ਸਮੁੱਖ ਹਨ ਨਾ। ਕਹਿੰਦੇ ਹਨ ਮੈਂ ਕਲਪ - ਕਲਪ ਆਉਂਦਾ ਹਾਂ - ਸਵਰਗ ਸਥਾਪਨਾ ਕਰਨ। ਤੁਸੀਂ ਬੱਚਿਆਂ ਦੇ ਲਈ ਵੰਡਰਫੁੱਲ ਸੌਗਾਤ ਲੈ ਆਉਂਦਾ ਹਾਂ। ਬਾਪ ਕਹਿੰਦੇ ਹਨ ਮੇਰੇ ਲਾਡਲੇ ਸਿਕੀਲੱਧੇ ਬੱਚੇ 5 ਹਜ਼ਾਰ ਵਰ੍ਹੇ ਬਾਦ ਆਕੇ ਤੁਸੀਂ ਮਿਲਦੇ ਹੋ। ਇਵੇਂ ਹੋਰ ਕੋਈ ਕਹਿ ਨਾ ਸਕੇ। ਭਾਵੇਂ ਆਪਣੇ ਨੂੰ ਬ੍ਰਹਮਾ, ਵਿਸ਼ਨੂੰ, ਸ਼ੰਕਰ ਕਹਾਉਣ। ਪਰ ਇਵੇਂ ਦੀਆਂ ਗੱਲਾਂ ਕਿਸੇ ਨੂੰ ਕਹਿਣ ਆਉਣਗੀਆਂ ਹੀ ਨਹੀਂ। ਇਸ ਨੂੰ ਕੋਈ ਕਾਪੀ ਕਰ ਨਾ ਸਕੇ। ਬਾਪ ਕਹਿੰਦੇ ਹਨ ਮੇਰੇ ਲਾਡਲੇ ਸਿਕੀਲੱਧੇ ਬੱਚੇ 5 ਹਜ਼ਾਰ ਵਰ੍ਹੇ ਬਾਦ ਤੁਸੀਂ ਮਿਲੇ ਹੋ। ਸਿਰਫ਼ ਤੁਸੀਂ ਹੀ। ਬਹੁਤ ਬੱਚੇ ਮਿਲਦੇ ਰਹਿਣਗੇ। ਰਾਜਧਾਨੀ ਸਥਾਪਨ ਕਰਨ ਵਿੱਚ ਬਹੁਤ ਮਿਹਨਤ ਲੱਗਦੀ ਹੈ। ਰਾਜਾ ਰਾਣੀ ਇੱਕ, ਫਿਰ ਉਹਨਾਂ ਦੇ ਬੱਚੇ ਵ੍ਰਿਧੀ ਨੂੰ ਪਾਉਣਗੇ। ਭਾਰਤ ਵਿੱਚ ਪ੍ਰਿੰਸ ਪ੍ਰਿੰਸੇਸ ਕਿੰਨੇ ਹੋਣਗੇ। ਸਮਝੋਂ ਲੱਖ ਦੋ ਹਨ, ਪ੍ਰਜਾ ਹੋਵੇਗੀ 40 -50 ਕਰੋੜ। ਤਾਂ ਮੰਜ਼ਿਲ ਬਹੁਤ ਵੱਡੀ ਹੈ। ਇਹ ਬਾਪ ਦੀ ਨਾਲੇਜ਼ ਹੈ। ਤਾਂ ਕਿੰਨੀ ਚੰਗੀ ਤਰ੍ਹਾਂ ਪੁਰਸ਼ਾਰਥ ਕਰਨਾ ਚਾਹੀਦਾ ਹੈ। ਬਾਪ ਤੇ ਕਹਿਣਗੇ ਰਾਜਾਵਾਂ ਦਾ ਰਾਜਾ ਬਣੋ, ਨਾ ਕਿ ਪ੍ਰਜਾ। ਬਣਨਗੇ ਉਹ ਹੀ

ਕਲਪ ਪਹਿਲੇ ਜੋ ਬਣੇ ਹੋਣਗੇ। ਅਸੀਂ ਸਾਕਸ਼ੀ ਹੋਕਰ ਦੇਖਾਂਗੇ ਕੌਣ ਕਿਸ ਤਰ੍ਹਾਂ ਦਾ ਵਰਸਾ ਲੈਂਦੇ ਹਨ। ਕਈ ਤਾਂ ਇਕਦਮ ਫੜ ਲੈਂਦੇ ਹਨ। ਮੋਸ੍ਟ ਬਿਲਵਡ ਬਾਪ ਹੈ। ਚੁਮਬਕ ਤੇ ਸੂਈਆਂ ਖਿੱਚਕੇ ਆਉਂਦੀਆਂ ਹਨ। ਕਿਸੇ ਵਿੱਚ ਕੱਟ (ਜੰਕ) ਜਾਸਤੀ ਹੁੰਦੀ ਹੈ, ਕਿਸੇ ਵਿੱਚ ਘੱਟ। ਨਜ਼ਦੀਕ ਵਾਲੇ ਤਾਂ ਇਕਦਮ ਆਕੇ ਮਿਲਣਗੇ, ਸਾਫ਼ ਸੂਈ ਝੱਟ ਖਿੱਚ ਆਏਗੀ। ਬਾਪ ਕਟ ਨੂੰ ਕੱਢਕੇ ਇਵੇਂ ਚਮਕਾਉਂਦੇ ਹਨ ਜੋ ਤੁਸੀਂ ਬੱਚੇ ਉੱਥੇ ਨਾਲ ਰਹੋਂਗੇ। ਤੁਹਾਨੂੰ ਰੁਦ੍ਰ ਮਾਲਾ ਵਿੱਚ ਪਿਰੋਣਾ ਹੈ। ਗਾਇਨ ਵੀ ਹੈ ਪਰ ਜਾਣਦੇ ਨਹੀਂ ਹਨ ਕਿ ਇਹ ਮਾਲਾ ਕਿਸਦੀ ਬਣੀ ਹੋਈ ਹੈ। ਬਾਪ ਕਹਿੰਦੇ ਹਨ ਮੇਰੀ ਮਾਲਾ ਜੋ ਹੋਵੇਗੀ ਉਹ ਸਵਰਗ ਦੇ ਮਾਲਿਕ ਹੋਵੇਗੀ। ਭਗਤ ਮਾਲਾ ਨੂੰ ਵੀ ਤੁਸੀਂ ਸਮਝ ਗਏ ਹੋ। ਉਹ ਰਾਵਣ ਦੀ ਮਾਲਾ ਹੈ। ਪਹਿਲੇ ਰਾਵਣ ਦੀ ਮਾਲਾ ਵਿੱਚ ਕੌਣ ਆਉਂਦਾ ਹੈ, ਪੂਜਯ ਤੋਂ ਪੁਜਾਰੀ ਕੌਣ ਬਣਦੇ ਹਨ? ਆਪੇਹੀ ਪੂਜਯ ਦੇਵਤਾ, ਫਿਰ ਪੁਜਾਰੀ ਬਣਦੇ ਹਨ। ਇਹ ਕਿੰਨੀਆਂ ਗੁਹੇ ਗੱਲਾਂ ਸਮਝਣ ਦੀਆਂ ਹਨ।

ਤੁਸੀਂ ਹੋ ਫਲੈਨਥਰੋਫਿਸਟ। ਦੇਹ ਸਹਿਤ ਸਭ ਕੁਝ ਬਾਬਾ ਦੀ ਬਲੀ ਚੜਦੇ ਹੋ। ਸੰਨਿਆਸੀ ਫਲੈਨਥਰੋਫਿਸਟ ਨਹੀਂ ਬਣਦੇ। ਉਹ ਤਾਂ ਘਰਬਾਰ ਛੱਡ ਜੰਗਲ ਵਿੱਚ ਚਲੇ ਜਾਂਦੇ ਹਨ। ਤੁਸੀਂ ਸਭ ਕੁਝ ਈਸ਼ਵਰ ਅਰਪਣ ਕਰਦੇ ਹੋ। ਏਵਰੀਥਿੰਗ ਫ਼ਾਰ ਗਾਡ ਫ਼ਾਦਰ। ਤਾਂ ਬਾਪ ਫਿਰ ਕਹਿੰਦੇ ਹਨ ਮੇਰਾ ਸਭ ਕੁਝ ਤੁਸੀਂ ਬੱਚਿਆਂ ਦੇ ਲਈ ਹੈ। ਮਨੁੱਖ ਜਦੋਂ ਮਰਦੇ ਹਨ ਤਾਂ ਸਭ ਸਮਗ੍ਰੀ ਕਰਨੀਘੋਰ ਨੂੰ ਦਿੰਦੇ ਹਨ। ਬਾਪ ਕਹਿੰਦੇ ਹਨ ਮੈਂ ਵੀ ਕਰਨੀਘੋਰ ਹਾਂ। ਤੁਹਾਡੇ ਕੋਲ ਪੁਰਾਣਾ ਕੱਖਪਨ ਹੈ, ਸਭ ਦਾਨ ਕਰਦੇ ਹੋ। ਬਾਪ ਤੇ ਬਲਿਹਾਰ ਜਾਂਦੇ ਹੋ। ਕੰਮ ਤਾਂ ਫਿਰ ਵੀ ਤੁਹਾਡੇ ਹੀ ਆਉਂਦਾ ਹੈ। ਬਾਬਾ ਤਾਂ ਮਕਾਨ ਆਦਿ ਵੀ ਆਪਣੇ ਲਈ ਨਹੀਂ ਬਣਾਉਂਦੇ ਹਨ। ਸ਼ਿਵਬਾਬਾ ਹਨ ਦਾਤਾ। ਸਾਰੇ ਸਵਰਗ ਦੀ ਰਾਜਾਈ ਤੁਹਾਨੂੰ ਦੇ ਦਿੰਦੇ ਹਨ, ਇਸਲਈ ਇਹਨਾਂ ਨੂੰ ਸੌਦਾਗਰ ਵੀ ਕਹਿੰਦੇ ਹਨ। ਕਿੰਨੀਆਂ ਮਿੱਠੀਆਂ - ਮਿੱਠੀਆਂ ਗੱਲਾਂ ਹਨ। ਇਮਤਿਹਾਨ ਪੂਰਾ ਹੋਣ ਵਾਲਾ ਹੈ। ਬਾਬਾ ਆਖਿਰ ਇਮਤਿਹਾਨ ਕਦੀ ਪੂਰਾ ਹੋਵਗਾ? ਬਾਬਾ ਕਹਿੰਦੇ ਹਨ - ਜਦੋਂ ਤੁਸੀਂ ਮਰਨ ਤੇ ਆਓਗੇ, ਗਿਆਨ ਪੂਰਾ ਹੋਵੇਗਾ ਉਦੋਂ ਵਿਨਾਸ਼ ਸ਼ੁਰੂ ਹੋਵੇਗਾ। ਫਿਰ ਗੋਲਡਨ ਸਪੂਨ ਇਨ ਮਾਉਥ। ਜਨਮ ਲੈਣਗੇ ਅਤੇ ਸਪੂਨ ਮਿਲੇਗਾ। ਇੱਥੇ ਤੇ 30-40 ਵਰ੍ਹੇ ਪੜ੍ਹਦੇ ਹਨ, ਤਾਂ ਇੱਥੇ ਹੀ ਉਸਦਾ ਫਲ ਮਿਲ ਜਾਂਦਾ ਹੈ। ਤੁਹਾਡਾ ਤਾਂ ਹੈ ਭਵਿੱਖ ਦੇ ਲਈ। ਭਵਿੱਖ ਜਨਮ ਮਿਲੇਗਾ ਤਾਂ ਤੁਸੀਂ ਪ੍ਰਿੰਸ ਬਣੋਂਗੇ। ਤਾਂ ਇਮਤਿਹਾਨ ਉਦੋਂ ਪੂਰਾ ਹੋਵੇਗਾ ਜਦੋਂ ਵਿਨਾਸ਼ ਸ਼ੁਰੂ ਹੋਵੇਗਾ। ਇੱਕ ਪਾਸੇ ਪੜ੍ਹਾਈ ਪੂਰੀ ਹੋਵੇਗੀ ਅਤੇ ਵਿਨਾਸ਼ ਸ਼ੁਰੂ ਹੋ ਜਾਏਗਾ। ਬਾਕੀ ਰਹਿਰਸਲ ਤਾਂ ਹੁੰਦੀ ਰਹੇਗੀ। ਤੁਹਾਨੂੰ ਇਸ ਪੜਾਈ ਦਾ ਫਲ ਫਿਰ ਨਵੀਂ ਦੁਨੀਆ ਵਿਚ ਮਿਲਣਾ ਹੈ। ਉੱਥੇ ਆਤਮਾ, ਸ਼ਰੀਰ, ਰਾਜਾਈ ਸਭ ਨਵਾਂ ਹੁੰਦਾ ਹੈ। ਇਹ ਬੜੀ ਗੁਹੇ ਧਾਰਨਾ ਕਰਨ ਦੀਆਂ ਗੱਲਾਂ ਹਨ। ਪੜ੍ਹਾਈ ਕਦੀ ਛੱਡਣੀ ਨਹੀਂ ਚਾਹੀਦੀ। ਬਾਪ ਬੈਠ ਸਮਝਾਉਂਦੇ ਹਨ ਵੰਡਰਫੁੱਲ ਗੱਲਾਂ ਹਨ ਨਾ। ਦੇਰੀ ਨਾਲ ਆਉਣ ਵਾਲੇ ਵੀ ਝੱਟ ਯੋਗ ਅਤੇ ਗਿਆਨ ਵਿੱਚ ਲਗ ਜਾਂਦੇ ਹਨ ਤਾਂ ਉਹ ਵੀ ਉੱਚ ਪਦਵੀ ਪਾ ਸਕਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਸ਼ਰੀਰ ਅਤੇ ਆਤਮਾ ਦੋਨੋਂ ਪਵਿੱਤਰ ਬਣਾਉਣ ਦੇ ਲਈ ਇਸ ਪੁਰਾਣੇ ਸ਼ਰੀਰ ਸਹਿਤ ਸਭ ਕੁਝ ਭੁਲਣਾ ਹੈ। ਦੇਹ ਸਹਿਤ ਬਾਪ ਤੇ ਪੂਰਾ ਬਲੀ ਚੜ ਫਲੇਨਥੋਫਿਸਟ (ਮਹਾਦਾਨੀ) ਬਣਨਾ ਹੈ।

**2.** ਬਾਪ ਦੀ ਸ਼੍ਰੀਮਤ ਤੇ ਚਲ ਬੇਹੱਦ ਦਾ ਸੁਖ ਲੈਣਾ ਹੈ। ਇਹ ਸ਼ੁਭ ਲੋਭ ਰੱਖਣਾ ਹੈ, ਜਿਸਨਾਲ ਸਾਰੀ ਵਿਸ਼ਵ ਸੁਖੀ ਬਣੇ। ਬਾਕੀ ਅਸ਼ੁੱਧ ਲੋਭ ਤਿਆਗ ਦੇਣਾ ਹੈ।

ਵਰਦਾਨ:- ਅੰਮ੍ਰਿਤਵੇਲੇ ਦੇ ਮਹੱਤਵ ਨੂੰ ਜਾਨ ਮਹਾਨ ਬਣਨ ਵਾਲੇ ਵਿਸ਼ੇਸ਼ ਸੇਵਾਧਾਰੀ ਭਵ

ਸੇਵਾਧਾਰੀ ਮਤਲਬ ਅੱਖ ਖੁਲ੍ਹੇ ਅਤੇ ਸਦਾ ਬਾਪ ਦੇ ਸਾਥ ਨਾਲ ਬਾਪ ਦੇ ਸਮਾਨ ਸਥਿਤੀ ਦਾ ਅਨੁਭਵ ਕਰਨ। ਜੋ ਵਿਸ਼ੇਸ਼ ਵਰਦਾਨ ਦੇ ਸਮੇਂ ਨੂੰ ਜਾਣਦੇ ਹਨ ਅਤੇ ਵਰਦਾਨਾ ਦਾ ਅਨੁਭਵ ਕਰਦੇ ਹਨ ਉਹ ਹੀ ਵਿਸ਼ੇਸ਼ ਸੇਵਾਧਾਰੀ ਹਨ। ਜੇਕਰ ਇਹ ਅਨੁਭਵ ਨਹੀਂ ਹੋਵੇਗਾ ਤਾਂ ਸਾਧਾਰਨ ਸੇਵਾਧਾਰੀ ਹੋਏ, ਵਿਸ਼ੇਸ਼ ਨਹੀਂ। ਜਿਸ ਨੂੰ ਅੰਮ੍ਰਿਤਵੇਲੇ ਦਾ, ਸੰਕਲਪ ਦਾ, ਸਮੇਂ ਦਾ ਅਤੇ ਸੇਵਾ ਦਾ ਮਹੱਤਵ ਹੈ ਇਵੇਂ ਸਰਵ ਮਹੱਤਵ ਨੂੰ ਜਾਨਣ ਵਾਲੇ ਮਹਾਨ ਬਣਦੇ ਹਨ ਅਤੇ ਹੋਰਾਂ ਨੂੰ ਵੀ ਮਹੱਤਵ ਦਸ ਮਹਾਨ ਬਣਾਉਂਦੇ ਹਨ।

ਸਲੋਗਨ:- ਜੀਵਨ ਦੀ ਮਹਾਨਤਾ ਸਤਿਅਤਾ ਦੀ ਸ਼ਕਤੀ ਹੈ ਜਿਸਨਾਲ ਸਰਵ ਆਤਮਾਵਾਂ ਖੁਦ ਝੁਕਦੀਆਂ ਹਨ।

******